# ਚਿਲਾਵੈਕ ਵਿੱਚ ਮਨੁੱਖੀ ਅਧਿਕਾਰ

## ਚਿਲਾਵੈਕ

**93,203**
ਲੋਕਾਂ ਦਾ ਘਰ ਹੈ

ਅਤੇ ਇਸ ਦੀ ਆਬਾਦੀ ਬਹੁਤ ਤੇਜ਼ **11%** ਦੀ ਦਰ ਨਾਲ ਵਧ ਰਹੀ ਹੈ




2021 ਵਿਚ,

- **12%** ਲੋਕ ਵੱਖਰੀ ਦਿੱਖ ਵਾਲੇ (ਵਿਜ਼ੀਬਲ) ਘੱਟ ਗਿਣਤੀ ਸਨ।
- ਚਿਲਾਵੈਕ ਦੇ **8%** ਵਸਨੀਕ ਮੂਲਵਾਸੀ (ਇਨਡਿਜਨਸ) ਸਨ ਅਤੇ
- **80%** ਗੋਰੇ ਸਨ।

## ਘਰਾਂ ਦਾ ਸੰਕਟ ਚਿਲਾਵੈਕ ਵਿਚ ਮਨੁੱਖੀ ਅਧਿਕਾਰਾਂ ਦਾ ਮੁੱਦਾ ਹੈ

ਸਾਲ 2016 ਅਤੇ 2021 ਦੌਰਾਨ ਚਿਲਾਵੈਕ ਵਿਚ ਮਕਾਨਾਂ ਦੀ ਮੀਡੀਅਨ (ਮੱਧਵਰਤੀ) ਕੀਮਤ ਵਿਚ 88 ਪ੍ਰਤੀਸ਼ੱਤ ਵਾਧਾ ਹੋਇਆ  ਅਤੇ ਇਹ $399,710 ਤੋਂ ਵੱਧ ਕੇ $750,000 ’ਤੇ ਚਲੇ ਗਈ। ਇਹ ਸੂਬੇ ਦੀ 57 ਪ੍ਰਤੀਸ਼ੱਤ ਦਰ ਤੋਂ ਬਹੁਤ ਉੱਤੇ ਹੈ।

### ਚਿਲਾਵੈਕ ਵਿਚ ਬੇਘਰੇ ਲੋਕਾਂ ਦੀ ਗਿਣਤੀ ਤੇਜ਼ੀ ਨਾਲ ਵਧ ਰਹੀ ਹੈ

ਸਾਲ 2023 ਦੌਰਾਨ, ਚਿਲਾਵੈਕ ਵਿਚ ਮਾਰਚ 7-8, 2023 ਵਾਲੇ ਦਿਨ 413 ਬੇਘਰੇ ਲੋਕਾਂ ਦੀ ਨਿਸ਼ਾਨਦੇਹੀ ਕੀਤੀ ਗਈ ਸੀ। 2020 ਤੋਂ ਇਹ 107 ਲੋਕਾਂ ਦਾ ਵਾਧਾ ਹੈ।

### ਬਹੁਤੀ ਵਾਰੀ ਮੂਲਵਾਸੀ ਲੋਕ ਜ਼ਿਆਦਾ ਬੇਘਰੇ ਹੁੰਦੇ ਹਨ।

ਸਾਲ 2020 ਦੌਰਾਨ ਇਨਡਿਜਨਸ ਪਿਛੋਕੜ ਦੇ ਲੋਕ ਫਰੇਜ਼ਰ ਰਿਵਰ ਵੈਲੀ ਦੇ ਸਾਰੇ ਇਲਾਕੇ ਵਿਚੋਂ ਸਭ ਤੋਂ ਵੱਧ, 25% ਤੱਕ ਚਿਲਾਵੈਕ ਵਿਚ ਬੇਘਰੇ ਸਨ।

**25%**

## ਚਿਲਾਵੈਕ ਵਿਚ ਹੈਲਥ ਕੇਅਰ ਤੱਕ ਪਹੁੰਚ ਮਨੁੱਖੀ ਅਧਿਕਾਰਾਂ ਦਾ ਮੁੱਦਾ ਹੈ

### ਹੈਲਥ ਕੇਅਰ ਤੱਕ ਪਹੁੰਚ ਅੱਗੇ ਵਿਤਕਰਾ ਇਕ ਰੁਕਾਵਟ ਹੈ

ਮੂਲਵਾਸੀ (ਇਨਡਿਜਨਸ) ਲੋਕਾਂ, ਅਪਾਹਜ ਲੋਕਾਂ, ਅੰਗਰੇਜ਼ੀ ਇਕ ਹੋਰ ਵਾਧੂ ਭਾਸ਼ਾ ਵਜੋਂ ਬੋਲਣ ਵਾਲੇ ਲੋਕਾਂ, ਬੇਘਰੇ ਲੋਕਾਂ ਅਤੇ/ਜਾਂ ਨਸ਼ਿਆਂ ਦੀ ਵਰਤੋਂ ਕਰਨ ਵਾਲੇ ਲੋਕਾਂ ਨੇ ਹੈਲਥ ਕੇਅਰ ਤੱਕ ਪਹੁੰਚ ਕਰਨ ਵੇਲੇ ਵਿਤਕਰਾ ਹੋਣ ਦੇ ਤਜਰਬੇ ਬਾਰੇ ਦੱਸਿਆ।

### ਜ਼ਹਿਰੀਲੇ ਡਰੱਗਾਂ ਦੀ ਐਮਰਜੈਂਸੀ

ਸਾਲ 2015 ਤੋਂ ਲੈ ਕੇ ਜ਼ਹਿਰੀਲੇ ਡਰੱਗਾਂ ਦੀ ਸਪਲਾਈ ਕਾਰਨ ਹੋਣ ਵਾਲੀਆਂ ਮੌਤਾਂ ਵਿਚ ਵਾਧਾ ਹੋਇਆ ਹੈ।

British Columbia’s
Office of the Human Rights Commissioner

[Punjabi]

## ਵਿਤਕਰਾ ਅਤੇ ਨਫਰਤ ਚਿਲਾਵੈਕ ਵਿਚ ਮਨੁੱਖੀ ਅਧਿਕਾਰਾਂ ਦੇ ਮੁੱਦੇ ਹਨ



### ਮੂਲਵਾਸੀ ਅਤੇ ਕਾਲੇ ਲੋਕਾਂ ਵਿਰੋਧੀ ਨਫਰਤ ਅਤੇ ਮੁਸਲਮਾਨਾਂ ਵਿਰੁੱਧ ਨਫਰਤ (ਇਸਲਾਮੋਫੋਬੀਆ)

ਚਿਲਾਵੈਕ ਵਿਚ ਇਨਡਿਜਨਸ ਅਤੇ ਕਾਲੇ ਲੋਕਾਂ ਨੇ ਸ਼ਾਪਿੰਗ ਸਮੇਂ ਅਤੇ ਨਾਲ ਹੀ ਹੈਲਥ ਕੇਅਰ ਅਤੇ ਰੁਜ਼ਗਾਰ ਵਿਚ ਆਮ ਹੀ ਆਪਣੇ ਨਾਲ ਹੁੰਦੇ ਵਿਤਕਰੇ ਬਾਰੇ ਦੱਸਿਆ ਹੈ।

### ਚਿਲਾਵੈਕ ਵਿਚ LGBTQ2SAI+ ਵਿਰੁੱਧ ਨਫਰਤ ਵਿਚ ਵਾਧਾ ਹੋਇਆ ਹੈ

ਹਿੱਸਾ ਲੈਣ ਵਾਲਿਆਂ ਨੇ ਇਹ ਮਹਿਸੂਸ ਕੀਤਾ ਹੈ ਕਿ LGBTQ2SAI+ ਕਮਿਊਨਿਟੀ, ਖਾਸ ਕਰ ਜੈਂਡਰ ਡਾਈਵਰਸ ਅਤੇ ਟਰਾਂਸ ਯੂਥ ਵਿਰੁੱਧ ਨਫਰਤ ਵਿਚ ਚਿੰਤਾਜਨਕ ਵਾਧਾ ਹੋਇਆ ਹੈ।

## ਚਿਲਾਵੈਕ ਵਿਚ ਰੁਜ਼ਗਾਰ ਅਤੇ ਮਨੁੱਖੀ ਅਧਿਕਾਰ

### ਪ੍ਰਵਾਸੀ ਕਾਮਿਆਂ ਦੇ ਮਨੁੱਖੀ ਅਧਿਕਾਰ

ਸਾਲ 2022 ਦੌਰਾਨ ਬੀ ਸੀ ਵਿਚ ਖੇਤੀ ਬਾੜੀ ਦੇ ਖੇਤਰ ਵਿਚ ਕੰਮ ਕਰਨ ਵਾਲੇ 11,831 ਅਸਥਾਈ ਮਜ਼ਦੂਰ ਸਨ ਜਿਨ੍ਹਾਂ ਵਿੱਚੋਂ ਬਹੁਤੇ ਮੈਕਸੀਕੋ ਤੋਂ ਆਏ ਸਨ। ਇਨ੍ਹਾਂ ਮਜ਼ਦੂਰਾਂ ਨੇ ਦੱਸਿਆ ਹੈ ਕਿ ਉਨ੍ਹਾਂ ਦੀਆਂ ਕੰਮ ਕਰਨ ਦੀਆਂ ਅਤੇ ਰਹਿਣ ਦੀ ਹਾਲਤਾਂ ਘਟੀਆ ਦਰਜੇ ਦੀਆਂ ਸਨ ਅਤੇ ਉਨ੍ਹਾਂ ਨਾਲ ਮਾਨਸਿਕ, ਆਰਥਿਕ, ਜਿਸਮਾਨੀ ਅਤੇ ਕਾਮੁਕ ਜਾਂ ਲਿੰਗਕ ਵਧੀਕੀਆਂ ਹੋਈਆਂ ਹਨ।

## ਬੀ ਸੀ ਦੇ ਮਨੁੱਖੀ ਅਧਿਕਾਰ ਕਮਿਸ਼ਨਰ ਦੇ ਦਫ਼ਤਰ (BCOHRC) ਬਾਰੇ

ਬੀ ਸੀ ਦੇ *ਹਿਊਮਨ ਰਾਈਟਸ ਕੋਡ* ਅਧੀਨ, ਬੀ ਸੀ ਦਾ ਹਿਊਮਨ ਰਾਈਟਸ ਕਮਿਸ਼ਨਰ ਸੂਬੇ ਵਿੱਚ ਮਨੁੱਖੀ ਅਧਿਕਾਰਾਂ ਨੂੰ ਉਤਸ਼ਾਹਿਤ ਕਰਨ ਅਤੇ ਉਹਨਾਂ ਦੀ ਸੁਰੱਖਿਆ ਲਈ ਜ਼ਿੰਮੇਵਾਰ ਹੈ। ਬੀ ਸੀ ਦੇ ਹਿਊਮਨ ਰਾਈਟਸ ਕਮਿਸ਼ਨਰ ਦਾ ਦਫ਼ਤਰ (BCOHRC) ਅਸਮਾਨਤਾ, ਵਿਤਕਰੇ ਅਤੇ ਬੇਇਨਸਾਫ਼ੀ ਤੋਂ ਮੁਕਤ ਸੂਬੇ ਦੀ ਕਲਪਨਾ ਕਰਦਾ ਹੈ, ਜਿੱਥੇ ਅਸੀਂ ਸਾਰਿਆਂ ਲਈ ਮਨੁੱਖੀ ਅਧਿਕਾਰਾਂ ਨੂੰ ਬਰਕਰਾਰ ਰੱਖਦੇ ਹਾਂ ਅਤੇ ਇੱਕ ਦੂਜੇ ਪ੍ਰਤੀ ਆਪਣੀਆਂ ਜ਼ਿੰਮੇਵਾਰੀਆਂ ਨੂੰ ਪੂਰਾ ਕਰਦੇ ਹਾਂ। ਸਾਡੀ ਵੈੱਬਸਾਈਟ bchumanrights.ca ’ਤੇ ਸਾਡੇ ਦਫ਼ਤਰ ਬਾਰੇ ਹੋਰ ਜਾਣੋ।

### ਚਿਲਾਵੈਕ ਵਿੱਚ BCOHRC ਬੇਸਲਾਈਨ ਪ੍ਰੋਜੈਕਟ

BCOHRC ਬੇਸਲਾਈਨ ਪ੍ਰੋਜੈਕਟ ਬੀ ਸੀ ਵਿੱਚ ਮਨੁੱਖੀ ਅਧਿਕਾਰਾਂ ਦੀ ਸਥਿਤੀ ਬਾਰੇ ਜਾਣਨ ਲਈ ਇੱਕ ਬਹੁ-ਸਾਲਾ ਕਮਿਊਨਿਟੀ ਖੋਜ ਪ੍ਰੋਜੈਕਟ ਹੈ। ਚਿਲਾਵੈਕ ਭਾਗ ਲੈਣ ਵਾਲੇ ਚਾਰ ਭਾਈਚਾਰਿਆਂ ਵਿੱਚੋਂ ਇੱਕ ਸੀ। ਇਹ ਕੰਮ ਚਿਲਾਵੈਕ ਦੇ ਕਮਿਊਨਿਟੀ ਸਹਿਯੋਗੀਆਂ ਤੋਂ ਬਿਨਾਂ ਸੰਭਵ ਨਹੀਂ ਸੀ: ਚਿਲਾਵੈਕ ਕਮਿਊਨਿਟੀ ਸਰਵਿਸਿਜ਼, ਮਾਊਂਟੇਨਸਾਈਡ ਹਾਰਮ ਰੀਡੱਕਸ਼ਨ ਸੁਸਾਇਟੀ ਐਂਡ ਯੂਨੀਕ ਗੈੱਟ ਟੁਗੈਦਰ ਸੁਸਾਇਟੀ। ਅਸੀਂ ਚਿਲਾਵੈਕ ਸੁਸਾਇਟੀ ਫਾਰ ਕਮਿਊਨਿਟੀ ਲਿਵਿੰਗ ਅਤੇ ਸਟੋਲੋ ਨੇਸ਼ਨ ਦੇ ਆਗੂਆਂ ਅਤੇ ਸਟੋਲੋ ਲੋਕਾਂ ਦੇ ਇਸ ਪ੍ਰੋਜੈਕਟ ਲਈ ਦਿੱਤੇ ਯੋਗਦਾਨ ਦੀ ਹਮਾਇਤ ਕਰਨ ਵਾਲੇ ਸਾਰੇ ਸਟਾਫ ਦਾ ਧੰਨਵਾਦ ਕਰਨਾ ਚਾਹੁੰਦੇ ਹਾਂ।

ਚਿਲਾਵੈਕ ਦੀ ਮਨੁੱਖੀ ਅਧਿਕਾਰਾਂ ਦੀ ਕਹਾਣੀ ਬਾਰੇ ਹੋਰ ਜਾਣਕਾਰੀ ਲਈ, ਕਿਰਪਾ ਕਰਕੇ ਚਿਲਾਵੈਕ ਕਮਿਊਨਿਟੀ ਬ੍ਰੀਫ ਨਾਲ baseline.bchumanrights.ca/chilliwack ’ਤੇ ਸੰਪਰਕ ਕਰੋ।